# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ :09-05-2026**

## ਪਹਿਲਾਂ ਬੁਲੇਟਿਨ ਦੀਆਂ ਖਾਸ ਖ਼ਬਰਾਂ।

- ਪੰਜਾਬ ਦੇ ਸਨਅਤ ਮੰਤਰੀ ਸੰਜੀਵ ਅਰੋੜਾ ਨੂੰ ਅੱਜ ਮਨੀ ਲਾਂਡ੍ਰਿੰਗ ਮਾਮਲੇ ਵਿੱਚ ਈਡੀ ਵੱਲੋਂ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਏ.
- ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ-ਨਾਲਸਾ ਵੱਲੋਂ ਅੱਜ ਦੇਸ਼ ਭਰ ਵਿੱਚ, ਇਸ ਸਾਲ ਦੀ ਦੂਜੀ ਰਾਸ਼ਟਰੀ ਲੋਕ ਅਦਾਲਤ ਲਗਾਈ ਗਈ .ਪੰਜਾਬ ਭਰ 'ਚ ਵੀ ਲੋਕ ਅਦਾਲਤਾਂ ਲਾਈਆਂ ਗਈਆਂ.
- ਆਕਾਸ਼ਵਾਣੀ ਦੀ ਸਥਾਪਨਾ ਦੇ 90 ਸਾਲ ਪੂਰੇ ਹੋਣ ਨੂੰ ਮਨਾਉਣ ਲਈ, ਰਾਸ਼ਟਰੀ ਲੋਕ ਪ੍ਰਸਾਰਕ ਦੇ ਜਲੰਧਰ ਅਤੇ ਪਟਿਆਲਾ ਸਟੇਸ਼ਨ ਨੇ ਅੱਜ ਵਾਕਾਥੋਨ ਕਰਾਈ.
- ਹੁਸ਼ਿਆਰਪੁਰ 'ਚ ਇੱਕ ਬੇਕਾਬੂ ਟਰੱਕ ਹਾਦਸੇ 'ਚ ਇੱਕ ਔਰਤ ਸਮੇਤ ਤਿੰਨ ਲੋਕਾਂ ਦੀ ਮੌਤ।

- IPL ਕ੍ਰਿਕੇਟ ਵਿੱਚ, ਅੱਜ ਰਾਜਸਥਾਨ ਰਾਇਲਜ਼ ਦਾ ਮੁਕਾਬਲਾ ਸ਼ਾਮੀਂ ਸਾਢੇ 7 ਵਜੇ ਗੁਜਰਾਤ ਟਾਈਟਨਜ਼ ਨਾਲ ਹੋਵੇਗਾ।

**ਹੁਣ ਖ਼ਬਰਾਂ ਵਿਸਥਾਰ ਨਾਲ**

ਪੰਜਾਬ ਦੇ ਸਨਅਤ ਮੰਤਰੀ ਸੰਜੀਵ ਅਰੋੜਾ ਨੂੰ ਅੱਜ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਉਨ੍ਹਾਂ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਲਿਆ ਏ ।ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਸਰਕਾਰੀ ਹਲਕਿਆਂ ਦੇ ਹਵਾਲੇ ਨਾਲ ਖਬਰ ਦਿੱਤੀ ਏ ਕਿ ਮੰਤਰੀ, ਜੋ ਨਿਵੇਸ਼ ਨੂੰ ਉਤਸ਼ਾਹਿਤ ਕਰਨ, ਸਥਾਨਕ ਸਰਕਾਰਾਂ ਅਤੇ ਬਿਜਲੀ ਮੰਤਰਾਲੇ ਦਾ ਚਾਰਜ ਵੀ ਸੰਭਾਲ ਰਹੇ ਨੇ, ਨੂੰ ਮਨੀ ਲਾਂਡ੍ਰਿੰਗ ਮਾਮਲੇ ਵਿੱਚ ਈਡੀ ਵੱਲੋਂ ਚੰਡੀਗੜ੍ਹ ਸਥਿਤ ਉਨ੍ਹਾਂ ਦੇ ਘਰ ਦੇ ਨਾਲ-ਨਾਲ ਦਿੱਲੀ ਅਤੇ ਗੁੜਗਾਓਂ ਵਿੱਚ ਉਨ੍ਹਾਂ ਨਾਲ ਜੁੜੀਆਂ ਪੰਜ ਥਾਵਾਂ ਦੀ ਤਲਾਸ਼ੀ ਲੈਣ ਤੋਂ ਕੁਝ ਘੰਟਿਆਂ ਬਾਅਦ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਏ । ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸ੍ਰੀ ਅਰੋੜਾ ਨਾਲ ਜੁੜੇ ਹੈਂਪਟਨ ਸਕਾਈ ਰਿਐਲਟੀ ਲਿਮਟਿਡ ਨਾਲ ਸਬੰਧਤ ਮਨੀ ਲਾਂਡ੍ਰਿੰਗ ਮਾਮਲੇ ਵਿੱਚ ਇਨ੍ਹਾਂ ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ। ਇਹ ਕਾਰਵਾਈ ਮਨੀ ਲਾਂਡ੍ਰਿੰਗ ਦੀ ਰੋਕਥਾਮ ਬਾਰੇ ਕਾਨੂੰਨ  (PMLA) 2002 ਦੀਆਂ ਧਾਰਾਵਾਂ ਤਹਿਤ ਕੀਤੀ ਗਈ ਸੀ । ਏਜੰਸੀ ਨੇ ਕਿਹਾ ਕਿ ਇਹ ਮਾਮਲਾ 100 ਕਰੋੜ ਰੁਪਏ ਤੋਂ ਵੱਧ ਦੇ ਮੋਬਾਈਲ ਫੋਨਾਂ ਦੀ ਜਾਅਲੀ ਜੀਐਸਟੀ ਖਰੀਦਦਾਰੀ ਅਤੇ ਬਾਅਦ ਵਿੱਚ

ਦੁਬਈ ਤੋਂ ਭਾਰਤ ਨੂੰ ਰਾਊਂਡ-ਟ੍ਰਿਪ ਨਾਜਾਇਜ਼ ਫੰਡਾਂ ਨੂੰ ਬਰਾਮਦ ਕਰਕੇ ਕਥਿਤ ਤੌਰ 'ਤੇ ਵੱਡੇ ਪੱਧਰ 'ਤੇ ਮਨੀ ਲਾਂਡ੍ਰਿੰਗ ਨਾਲ ਸਬੰਧਤ ਏ। ਈਡੀ ਨੇ ਕਥਿਤ ਤੌਰ 'ਤੇ ਦਿੱਲੀ ਸਥਿਤ ਗੈਰ-ਮੌਜੂਦ ਫਰਮਾਂ ਤੋਂ ਜਾਅਲੀ ਇਨਪੁਟ ਟੈਕਸ ਕ੍ਰੈਡਿਟ, ਬਰਾਮਦ ਕ੍ਰੈਡਿਟ 'ਤੇ ਜੀਐਸਟੀ ਰਿਫੰਡ ਅਤੇ ਡਿਊਟੀ ਡ੍ਰਾਬੈਕ ਲਾਭਾਂ ਦਾ ਦਾਅਵਾ ਕਰਨ ਲਈ ਕਈ ਜਾਅਲੀ ਜੀਐਸਟੀ ਖਰੀਦ ਬਿੱਲ ਪ੍ਰਾਪਤ ਕੀਤੇ ਨੇ. ਏਜੰਸੀ ਮੁਤਾਬਿਕ, ਲੈਣ-ਦੇਣ ਕਾਰਨ ਸਰਕਾਰੀ ਖਜ਼ਾਨੇ ਨੂੰ ਕਾਫ਼ੀ ਨੁਕਸਾਨ ਹੋਇਆ ਅਤੇ ਨਤੀਜੇ ਵਜੋਂ ਗਲਤ ਨਿਜੀ ਫਾਇਦੇ ਪਹੁੰਚੇ।

-------------------------------------------------------

ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ-ਨਾਲਸਾ ਵੱਲੋਂ ਅੱਜ ਦੇਸ਼ ਭਰ ਵਿੱਚ, ਇਸ ਸਾਲ ਦੀ ਦੂਜੀ ਰਾਸ਼ਟਰੀ ਲੋਕ ਅਦਾਲਤ ਲਗਾਈ ਗਈ। ਇਸੇ ਸੰਬੰਧ ‘ਚ ਪੰਜਾਬ ਭਰ ‘ਚ ਵੀ ਲੋਕ ਅਦਾਲਤਾਂ ਲਾਈਆਂ ਗਈਆਂ. ਫ਼ਰੀਦਕੋਟ ‘ਚ ਜ਼ਿਲ੍ਹੇ ਦੀਆਂ ਅਦਾਲਤਾਂ ਵਿੱਚ ਕੌਮੀ ਲੋਕ ਅਦਾਲਤ ਲਾਈ ਗਈ. ਇਸ ਲੋਕ ਅਦਾਲਤ ਵਿੱਚ 12 ਹਜ਼ਾਰ 491 ਕੇਸਾਂ ਵਿੱਚੋਂ 8 ਹਜ਼ਾਰ 308 ਕੇਸਾਂ ਦਾ ਨਿਪਟਾਰਾ ਕੀਤਾ ਗਿਆ. ਸ਼੍ਰੀ ਮੁਕਤਸਰ ਸਾਹਿਬ ਵਿਖੇ ਲਗੀ ਨੈਸ਼ਨਲ ਲੋਕ ਅਦਾਲਤ ਵਿਚ ਕਰੀਬ 37 ਹਜ਼ਾਰ 350 ਕੇਸਾਂ ਦਾ ਨਿਪਟਾਰਾ ਕਰਵਾਇਆ ਗਿਆ. ਜਿਲ੍ਹਾ ਕਚਹਿਰੀਆਂ, ਗੁਰਦਾਸਪੁਰ ਵਿਖੇ ਲਗੀ ਨੈਸ਼ਨਲ ਲੋਕ ਅਦਾਲਤ ਵਿਚ 12 ਹਜ਼ਾਰ

885 ਕੇਸਾਂ ਦਾ ਨਿਪਟਾਰਾ ਕਰਾਇਆ ਗਿਆ. ਗੁਰਦਾਸਪੁਰ ਦੇ ਕਾਨੂਨੀ ਸੇਵਾ ਅਥਾਰਟੀ ਬਾਰੇ ਸਕੱਤਰ ਹਰਪ੍ਰੀਤ ਸਿੰਘ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ –

byte

ਫਾਜ਼ਿਲਕਾ ਵਿਖੇ ਨੈਸ਼ਨਲ ਲੋਕ ਅਦਾਲਤ ਵਿੱਚ 14 ਹਜ਼ਾਰ 279 ਕੇਸਾਂ ਦਾ ਨਿਪਟਾਰਾ ਕੀਤਾ ਗਿਆ. ਪਠਾਨਕੋਟ ਵਿਖੇ ਰਾਸ਼ਟਰੀ ਲੋਕ ਅਦਾਲਤ ਵਿੱਚ 11 ਹਜ਼ਾਰ 198  ਕੇਸ ਪੇਸ਼ ਕੀਤੇ ਗਏ, ਜਿਹਨਾਂ ਵਿਚੋਂ 10, ਹਜ਼ਾਰ  345 ਦਾ ਨਿਪਟਾਰਾ ਕੀਤਾ ਗਿਆ। ਇਸ ਬਾਰੇ ਦੱਸਦਿਆਂ ਪਠਾਨਕੋਟ ਦੇ ਡਿਸਟ੍ਰਿਕਟ ਅਤੇ ਸੈਸ਼ਨਜ਼ ਜਜ ਰਜਨੀਸ਼ ਨੇ ਦੱਸਿਆ-

byte

ਮਾਨਸਾ ‘ਚ 22 ਹਜ਼ਾਰ 557 ਕੇਸਾਂ ਦਾ ਨਿਪਟਾਰਾ ਲੋਕ ਅਦਾਲਤ ‘ਚ ਕੀਤਾ ਗਿਆ. ਜਲੰਧਰ ‘ਚ 39 ਹਜ਼ਾਰ 920 ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ. ਕਪੂਰਥਲਾ ਵਿਚ ਵੀ ਲੋਕ ਅਦਾਲਤ ਲਾ ਕੇ 6 ਹਜ਼ਾਰ 503 ਕੇਸਾਂ ਦਾ ਨਿਪਟਾਰਾ ਕੀਤਾ ਗਿਆ.

---------------------------------------------------

ਆਕਾਸ਼ਵਾਣੀ ਦੀ ਸਥਾਪਨਾ ਦੇ 90 ਸਾਲ ਪੂਰੇ ਹੋਣ ਨੂੰ ਮਨਾਉਣ ਲਈ, ਰਾਸ਼ਟਰੀ ਲੋਕ ਪ੍ਰਸਾਰਕ ਦੇ ਜਲੰਧਰ ਸਟੇਸ਼ਨ ਨੇ ਅੱਜ ਇੱਥੇ ਵਾਕਾਥੌਨ ਕਰਾਈ. ਸੈਂਕੜੇ ਸਰੋਤਿਆਂ, ਆਕਾਸ਼ਵਾਣੀ ਦੇ ਸਟਾਫ ਮੈਂਬਰਾਂ, ਐਂਕਰਾਂ

ਅਤੇ ਪ੍ਰੋਗ੍ਰਾਮ ਪੇਸ਼ਕਰਤਾਵਾਂ ਨੇ ਇਸ ਵਿੱਚ ਹਿੱਸਾ ਲਿਆ। ਇਸੇ ਤਰ੍ਹਾਂ ਦਾ ਵਾਕਾਥੌਨ ਪਟਿਆਲਾ ਸਟੇਸ਼ਨਾਂ ਵਿਖੇ ਵੀ ਕਰਵਾਇਆ ਗਿਆ। ਜਲੰਧਰ ਵਿੱਚ, ਇਸਨੂੰ ਆਕਾਸ਼ਵਾਣੀ ਪੰਜਾਬ ਦੇ ਕਲੱਸਟਰ ਹੈੱਡ ਅਤੇ ਡਿਪਟੀ ਡਾਇਰੈਕਟਰ ਜਨਰਲ (DDG), ਰਣਜੀਤ ਮੀਨਾ ਅਤੇ ਡੀਡੀਜੀ, ਜਲੰਧਰ ਦੂਰਦਰਸ਼ਨ, ਆਰ ਐਲ ਜਾਰੰਗਲ ਨੇ ਨਿਊਜ਼ ਅਤੇ ਪ੍ਰੋਗਰਾਮ ਮੁਖੀਆਂ ਨਾਲ ਵਾਕੇਥਾਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਵਾਕਾਥੌਨ ਨੂੰ ਆਕਾਸ਼ਵਾਣੀ ਐਫ ਐਮ ਸਟੂਡੀਓ ਨਾਲ ਸਿੱਧਾ ਜੋੜਿਆ ਗਿਆ। ਸਰੋਤਿਆਂ, ਸਾਬਕਾ ਮੁਲਾਜ਼ਮਾਂ ਅਤੇ ਹੋਰਾਂ ਨੇ ਐਫ ਐਮ ਸਟੂਡੀਓ ਵਿੱਚ ਆਪਣੇ ਅਨੁਭਵ ਸਾਂਝੇ ਕੀਤੇ ਤੇ ਐਂਕਰਾਂ ਵਲੋਂ ਬਿਹਤਰੀਨ ਗੀਤ ਪੇਸ਼ ਕੀਤੇ ਗਏ. ਪੇਸ਼ ਏ ਇੱਕ ਰਿਪੋਰਟ -

*ਪੰਜਾਬ ਵਿੱਚ, ਆਕਾਸ਼ਵਾਣੀ ਨੇ ਹਰੀ ਕ੍ਰਾਂਤੀ ਦੌਰਾਨ ਇੱਕ ਅਹਿਮ ਭੂਮਿਕਾ ਨਿਭਾਈ ਏ ਅਤੇ ਅੱਜ ਵੀ ਖੇਤੀਬਾੜੀ 'ਤੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਪ੍ਰੋਗਰਾਮਾਂ ਰਾਹੀਂ, ਕਿਸਾਨਾਂ ਨੂੰ ਜਾਣਕਾਰੀਆਂ ਉਪਲਬਧ ਕਰਾ ਰਿਹਾ ਏ। ਅੱਜ ਦੇ ਵਾਕਾਥੌਨ ਦੌਰਾਨ, ਆਕਾਸ਼ਵਾਣੀ ਦੇ ਸਰੋਤਿਆਂ, ਸਾਬਕਾ ਮੁਲਾਜ਼ਮਾਂ ਅਤੇ ਹੋਰਾਂ ਨੇ FM ਸਟੂਡੀਓ ਵਿੱਚ, ਐਂਕਰਾਂ ਵਲੋਂ ਵਜਾਏ ਜਾ ਰਹੇ ਸ਼ਾਨਦਾਰ ਗੀਤਾਂ ਵਿਚਕਾਰ, ਸਿੱਧੇ ਪ੍ਰਸਾਰਣ (Live on air) ਰਾਹੀਂ ਆਪਣੇ ਅਨੁਭਵ ਸਾਂਝੇ ਕੀਤੇ। ਵਾਕਾਥੌਨ ਦਾ ਮਾਹੌਲ ਹੋਰ ਵੀ ਜੀਵੰਤ ਹੋ ਗਿਆ, ਜਦੋਂ ਸਾਰੇ ਲੋਕ ਵੱਖ-ਵੱਖ ਗੀਤਾਂ ਦੀਆਂ ਧੁਨਾਂ 'ਤੇ ਨੱਚਣ ਲੱਗੇ। 'ਬਹੁਜਨ ਹਿਤਾਏ - ਬਹੁਜਨ ਸੁਖਾਏ' ਦੇ ਆਪਣੇ ਆਦਰਸ਼ਾਂ 'ਤੇ ਖਰਾ ਉਤਰਦੇ ਹੋਏ, ਇਹ ਰਾਸ਼ਟਰੀ ਪ੍ਰਸਾਰਕ ਪਿਛਲੇ 9 ਦਹਾਕਿਆਂ ਤੋਂ ਵੱਖ-ਵੱਖ ਪ੍ਰੋਗਰਾਮਾਂ ਅਤੇ ਨਿਊਜ਼ ਬੁਲੇਟਿਨਾਂ ਰਾਹੀਂ, ਜਾਣਕਾਰੀ, ਸਿੱਖਿਆ ਅਤੇ ਮਨੋਰੰਜਨ ਪ੍ਰਦਾਨ ਕਰਕੇ ਦੇਸ਼ ਦੀ ਸੇਵਾ ਕਰ ਰਿਹਾ ਏ। ਆਕਾਸ਼ਵਾਣੀ ਦੇ 90 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਆਕਾਸ਼ਵਾਣੀ ਪਟਿਆਲਾ ਵੱਲੋਂ ਵੀ ਇੱਕ ਵਿਸ਼ੇਸ਼ ਵਾਕਾਥਾਨ ਦਾ ਆਯੋਜਨ ਕੀਤਾ ਗਿਆ।  ਪ੍ਰੋਗਰਾਮ ਮੁਖੀ ਮੁਹੰਮਦ ਇਮਤਿਆਜ਼ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਕਾਥਾਨ ਦੀ ਰਸਮੀ ਸ਼ੁਰੂਆਤ ਆਕਾਸ਼ਵਾਣੀ ਵੱਲੋਂ "ਬੇਟੀ ਬਚਾਓ, ਬੇਟੀ ਪੜ੍ਹਾਓ" ਦੇ ਸੰਦੇਸ਼ ਨੂੰ ਸਾਕਾਰ ਕਰਦਿਆਂ ਇੱਕ ਛੋਟੀ ਬੱਚੀ ਅਨਾਇਆ ਵਲੋਂ ਹਰੀ ਝੰਡੀ ਦੇ ਕੇ ਕਰਵਾਈ ਗਈ।*

ਇੱਕ ਅਰਸੇ ਤੋਂ ਆਕਾਸ਼ਵਾਣੀ ਦੇ ਸਰੋਤਾ ਰਹੇ ਬੰਸੀ ਲਾਲ ਨੇ ਦੱਸਿਆ - byte

ਹੋਰਨਾਂ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਦੇ ਬਹੁਤ ਸਾਰੇ ਵਿਦਿਆਰਥੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰ ਕੇ ਸਮਾਗਮ ਨੂੰ ਯਾਦਗਾਰ ਬਣਾਇਆ। 8 ਜੂਨ, 1936 ਨੂੰ, ਭਾਰਤੀ ਰਾਜ ਪ੍ਰਸਾਰਣ ਸੇਵਾ ਦਾ ਨਾਂ ਬਦਲ ਕੇ ਆਲ ਇੰਡੀਆ ਰੇਡੀਓ (AIR) ਰੱਖਿਆ ਗਿਆ ਸੀ। ਇਹ ਦਿਨ ਦੇਸ਼ ਦੇ ਸੱਭਿਆਚਾਰਕ, ਸੂਚਨਾ ਅਤੇ ਪ੍ਰਸਾਰਣ ਇਤਿਹਾਸ ਵਿੱਚ ਇੱਕ ਖਾਸ ਪਲ ਨੂੰ ਦਰਸਾਉਂਦਾ ਏ, ਜਦੋਂ ਪੀੜ੍ਹੀਆਂ ਤੱਕ ਇਸਦੀ ਗੂੰਜ ਲਈ ਇੱਕ ਆਵਾਜ਼ ਪੈਦਾ ਹੋਈ । ਆਜ਼ਾਦੀ ਤੋਂ ਬਾਅਦ, ਏਆਈਆਰ ਨੇ ਤੇਜ਼ੀ ਨਾਲ ਪਸਾਰ ਕੀਤਾ ਤੇ 1956 ਵਿੱਚ "ਆਕਾਸ਼ਵਾਣੀ" ਨਾਂ ਅਪਣਾਇਆ। ਇਹ ਰਾਸ਼ਟਰ ਦਾ ਇੱਕ ਅਜਿਹਾ ਵਿਰਸਾ ਏ ਜੋ ਆਉਣ ਵਾਲੀਆਂ ਪੀੜ੍ਹੀਆਂ ਤੱਕ ਜਿਉਂਦਾ ਰਹੇਗਾ.

---------------------------------------------------------------

ਪੰਜਾਬ ਦੇ ਸਿੰਜਾਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਤਹਿਤ ਰੋਪੜ ਨਹਿਰੀ ਨੈੱਟਵਰਕ ਦਾ ਪਾਣੀ ਹੁਣ ਟੇਲਾਂ 'ਤੇ ਪੈਂਦੇ ਪਿੰਡਾਂ ਤੱਕ ਵੀ ਪਹੁੰਚ ਗਿਆ ਏ, ਜੋ ਉਨ੍ਹਾਂ ਕਿਸਾਨਾਂ ਲਈ ਇਕ ਵੱਡੀ ਤਬਦੀਲੀ ਏ, ਜੋ ਲੰਮੇ ਸਮੇਂ ਤੋਂ ਜ਼ਮੀਨ ਹੇਠਲੇ ਅਨਿਸ਼ਚਿਤ

ਪਾਣੀ ’ਤੇ ਨਿਰਭਰ ਸਨ। ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ 2025-26 ਵਿੱਚ ਰੋਪੜ ਨਹਿਰੀ ਨੈੱਟਵਰਕ ਹੇਠ ਸਿੰਜਾਈ ਰਕਬਾ 29 ਹਜ਼ਾਰ 488 ਏਕੜ ਤੋਂ ਵੱਧ ਕੇ 85, ਹਜ਼ਾਰ 447 ਏਕੜ ਹੋ ਗਿਆ ਏ। ਇਸ ਤਹਿਤ 3, ਹਜ਼ਾਰ 882 ਏਕੜ ਹੋਰ ਰਕਬਾ ਸ਼ਾਮਲ ਕੀਤਾ ਜਾ ਰਿਹਾ ਏ ਜਿਸ ਨਾਲ ਕੁੱਲ ਖੇਤਰ 89 ਹਜ਼ਾਰ,329 ਏਕੜ ਤੱਕ ਪਹੁੰਚੇਗਾ, ਜੋ ਲਗਭਗ 200 ਫੀਸਦੀ ਤੱਕ ਦੇ ਵਾਧੇ ਨੂੰ ਦਰਸਾਉਂਦਾ ਏ।

---------------------------------------------------------

ਤਰਨਤਾਰਨ ਪੁਲਿਸ ਦੇ ਸੀ ਆਈ ਏ ਸਟਾਫ ਨੇ ਇੱਕ ਅਫਰੀਕੀ ਔਰਤ ਨੂੰ 3 ਕਿਲੋ ਹੈਰੋਇਨ ਅਤੇ ਇੱਕ ਕਾਰ ਸਮੇਤ ਗ੍ਰਿਫ਼ਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਏ । ਜ਼ਬਤ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੀਬ 15 ਕਰੋੜ ਰੁਪਏ ਦੱਸੀ ਜਾ ਰਹੀ ਏ । ਇਸ ਸਬੰਧ ਵਿੱਚ, ਤਰਨਤਾਰਨ ਪੁਲਿਸ ਨੇ ਔਰਤ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਏ।

---------------------------------------------------------

ਹੁਸ਼ਿਆਰਪੁਰ ਦੇ ਟਾਂਡਾ ਮਿਆਣੀ ਰੋਡ 'ਤੇ ਅੱਡਾ ਪੁਲ ਪੁਖਤਾ ਨੇੜੇ, ਇੱਕ ਬੇਕਾਬੂ ਟਰੱਕ ਨੇ ਇੱਕ ਔਰਤ ਸਮੇਤ ਤਿੰਨ ਲੋਕਾਂ ਨੂੰ ਕੁਚਲ ਦਿੱਤਾ। ਹਾਦਸੇ ਵਿੱਚ ਹੁਣ ਤੱਕ ਦੋ ਲੋਕਾਂ ਦੀ ਮੌਤ ਹੋ ਗਈ ਏ। ਤੀਜੇ ਵਿਅਕਤੀ,

ਜਿਸਦੀ ਹਾਲਤ ਨਾਜ਼ੁਕ ਏ, ਨੂੰ ਟਾਂਡਾ ਸਿਵਲ ਹਸਪਤਾਲ ਵਿੱਚ ਮੁੱਢਲੀ ਸਹਾਇਤਾ ਤੋਂ ਬਾਅਦ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਏ। ਮ੍ਰਿਤਕਾਂ ਦੀ ਪਛਾਣ ਹਰਭਜਨ ਕੌਰ, ਵਾਸੀ ਮਿਆਣੀ ਅਤੇ ਅਸ਼ਵਨੀ ਕੁਮਾਰ ਵਜੋਂ ਹੋਈ ਏ। ਵਧੇਰੇ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਗੁਰਜਿੰਦਰ ਸਿੰਘ ਨਾਗਰਾ ਨੇ ਦੱਸਿਆ

byte

---------------------------------------------------------

IPL ਕ੍ਰਿਕੇਟ ਵਿੱਚ, ਅੱਜ ਜੈਪੁਰ ਦੇ ਸਵਾਈ ਮਾਨਸਿੰਘ ਸਟੇਡੀਅਮ 'ਚ, ਰਾਜਸਥਾਨ ਰਾਇਲਜ਼ ਦਾ ਮੁਕਾਬਲਾ ਗੁਜਰਾਤ ਟਾਈਟਨਜ਼ ਨਾਲ ਹੋਵੇਗਾ। ਇਹ ਮੈਚ ਸ਼ਾਮੀਂ ਸਾਢੇ 7 ਵਜੇ ਸ਼ੁਰੂ ਹੋਵੇਗਾ।

---------------------------------------------------------

- ਪੰਜਾਬ ਦੇ ਸਨਅਤ ਮੰਤਰੀ ਸੰਜੀਵ ਅਰੋੜਾ ਨੂੰ ਅੱਜ ਮਨੀ ਲਾਂਡ੍ਰਿੰਗ ਮਾਮਲੇ ਵਿੱਚ ਈਡੀ ਵੱਲੋਂ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਏ.
- ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ-ਨਾਲਸਾ ਵੱਲੋਂ ਅੱਜ ਦੇਸ਼ ਭਰ ਵਿੱਚ, ਇਸ ਸਾਲ ਦੀ ਦੂਜੀ ਰਾਸ਼ਟਰੀ ਲੋਕ ਅਦਾਲਤ ਲਗਾਈ ਗਈ .ਪੰਜਾਬ ਭਰ 'ਚ ਵੀ ਲੋਕ ਅਦਾਲਤਾਂ ਲਾਈਆਂ ਗਈਆਂ.

- ਆਕਾਸ਼ਵਾਣੀ ਦੀ ਸਥਾਪਨਾ ਦੇ 90 ਸਾਲ ਪੂਰੇ ਹੋਣ ਨੂੰ ਮਨਾਉਣ ਲਈ, ਰਾਸ਼ਟਰੀ ਲੋਕ ਪ੍ਰਸਾਰਕ ਦੇ ਜਲੰਧਰ ਅਤੇ ਪਟਿਆਲਾ ਸਟੇਸ਼ਨ ਨੇ ਅੱਜ ਵਾਕਾਥੌਨ ਕਰਾਈ.
- ਹੁਸ਼ਿਆਰਪੁਰ ‘ਚ ਇੱਕ ਬੇਕਾਬੂ ਟਰੱਕ ਹਾਦਸੇ ‘ਚ ਇੱਕ ਔਰਤ ਸਮੇਤ ਤਿੰਨ ਲੋਕਾਂ ਦੀ ਮੌਤ ।

- IPL ਕ੍ਰਿਕੇਟ ਵਿੱਚ, ਅੱਜ ਰਾਜਸਥਾਨ ਰਾਇਲਜ਼ ਦਾ ਮੁਕਾਬਲਾ ਸ਼ਾਮੀਂ ਸਾਢੇ *7* ਵਜੇ ਗੁਜਰਾਤ ਟਾਈਟਨਜ਼ ਨਾਲ ਹੋਵੇਗਾ।

-----------------------------------------------------

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ** !